15ਵੀਂ ਵਿਧਾਨ ਸਭਾ
ਗਿਆਰਵਾਂ ਸਮਾਗਮ

ਪੰਜਾਬ ਵਿਧਾਨ ਸਭਾ
ਬੁਲੇਟਿਨ ਨੰ. 2
ਸੋਮਵਾਰ, 24 ਫਰਵਰੀ, 2020
(02.00 ਵਜੇ ਬਾਅਦ ਦੁਪਹਿਰ ਤੋਂ 5.38 ਵਜੇ ਸ਼ਾਮ ਤੱਕ)

1. ਪ੍ਰਸ਼ਨ

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 03 | 01 | - | 16 | 03 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 20

2. ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ

ਸਦਨ ਵਿੱਚ ਬਹੁਤ ਸ਼ੋਰ ਸ਼ਰਾਬਾ ਹੋਣ ਕਾਰਨ ਮਾਨਯੋਗ ਸਪੀਕਰ ਵੱਲੋਂ ਸਦਨ 02.11 ਵਜੇ ਬਾਅਦ ਦੁਪਹਿਰ ਤੋਂ 2.41 ਵਜੇ ਬਾਅਦ ਦੁਪਹਿਰ ਤੱਕ ਅੱਧੇ ਘੰਟੇ ਲਈ ਅਤੇ 2.46 ਵਜੇ ਬਾਅਦ ਦੁਪਹਿਰ ਤੋਂ 3.16 ਵਜੇ ਬਾਅਦ ਦੁਪਹਿਰ ਤੱਕ ਅੱਧੇ ਘੰਟੇ ਲਈ ਸਥਗਿਤ ਕੀਤਾ ਗਿਆ।

3. ਧਿਆਨ ਦਿਵਾਊ ਨੋਟਿਸ

ਧਿਆਨ ਦਿਵਾਊ ਨੋਟਿਸ ਨੰ: 04, 09 ਅਤੇ 11 ਪੇਸ਼ ਨਹੀਂ ਕੀਤੇ ਗਏ।

4. ਮਾਨਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ

ਮਾਨਯੋਗ ਸਪੀਕਰ ਵੱਲੋਂ ਸਰਦਾਰ ਅਮਰ ਸਿੰਘ, ਮੈਂਬਰ ਪਾਰਲੀਮੈਂਟ, ਲੋਕ ਸਭਾ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ।

5. ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ

ਮਾਨਯੋਗ ਮੈਂਬਰ ਸਰਦਾਰ ਹਰਮਿੰਦਰ ਸਿੰਘ ਗਿੱਲ, ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਰਾਜਪਾਲ ਦੇ ਭਾਸ਼ਣ ਤੇ ਨਿਮਨਲਿਖਤ ਪ੍ਰਸਤਾਵ ਪੇਸ਼ ਕੀਤਾ ਗਿਆ ਜਿਸ ਦੀ ਮਾਨਯੋਗ ਮੈਂਬਰ ਡਾਕਟਰ ਰਾਜ ਕੁਮਾਰ ਚੱਬੇਵਾਲ, ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਪ੍ਰੋੜਤਾ ਕੀਤੀ ਗਈ:-

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਹਨਾਂ ਨੇ 16 ਜਨਵਰੀ, 2020 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਇਸ ਉਪਰੰਤ ਨਿਮਨਲਿਖਤ ਮੈਂਬਰਾਂ ਨੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | | |
|---|---|---|
| 1. | ਸਰਦਾਰ ਹਰਮਿੰਦਰ ਸਿੰਘ ਗਿੱਲ, ਇੰਡੀਅਨ ਨੈਸ਼ਨਲ ਕਾਂਗਰਸ | 53 ਮਿੰਟ |
| 2. | ਡਾਕਟਰ ਰਾਜ ਕੁਮਾਰ ਚੱਬੇਵਾਲ, ਇੰਡੀਅਨ ਨੈਸ਼ਨਲ ਕਾਂਗਰਸ | 40 ਮਿੰਟ |
| 3. | ਸ਼੍ਰੀ ਕੰਵਰ ਸੰਧੂ, ਆਮ ਆਦਮੀ ਪਾਰਟੀ | 12 ਮਿੰਟ |
| 4. | ਸਰਦਾਰ ਕੁਲਦੀਪ ਸਿੰਘ ਵੈਦ ਬੁਲਾਰਾ, ਇੰਡੀਅਨ ਨੈਸ਼ਨਲ ਕਾਂਗਰਸ | 12 ਮਿੰਟ |

6. ਮੈਂਬਰਾਂ ਨੂੰ ਨੇਮ ਕਰਨਾ

ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ (ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ) ਸਦਨ ਵਿੱਚ ਉਸ ਸਮੇਂ ਹਾਜ਼ਰ ਮੈਂਬਰ ਵੈਲ ਆਫ਼ ਦਿ ਹਾਊਸ ਵਿੱਚ ਪੰਜਾਬ ਵਿਧਾਨ ਸਭਾ ਦੇ ਰਿਪੋਰਟਰਾਂ ਦੇ ਟੇਬਲ ਘੇਰ ਕੇ ਖੜ੍ਹ ਗਏ ਅਤੇ ਉਨ੍ਹਾਂ ਵਲੋਂ ਉੱਚੀ ਉੱਚੀ ਨਾਅਰੇ ਲਗਾਏ ਜਾ ਰਹੇ ਸਨ। ਪਹਿਲਾਂ ਉਨ੍ਹਾਂ ਵਲੋਂ ਰਿਪੋਰਟਰਾਂ ਦੇ ਟੇਬਲ ਤੇ ਲੱਗੇ ਦੋਹਾਂ ਸਪੀਕਰਾਂ ਦੇ ਵਾਲਿਊਮ ਸਵਿੱਚ ਬੰਦ ਕਰ ਦਿੱਤੇ ਗਏ, ਫਿਰ ਸਪੀਕਰਾਂ ਦੀਆਂ ਤਾਰਾਂ ਵੀ ਪੁੱਟ ਦਿੱਤੀਆਂ ਗਈਆਂ ਅਤੇ ਬਾਅਦ ਵਿੱਚ ਸਪੀਕਰਾਂ ਨੂੰ ਉਖਾੜਨ ਦੀ ਵੀ ਕੋਸ਼ਿਸ਼ ਕੀਤੀ ਗਈ, ਜਿਸ ਕਾਰਨ ਸਪੀਕਰਾਂ ਵਿਚੋਂ ਆਵਾਜ਼ ਆਉਣੀ ਬੰਦ ਹੋ ਗਈ। ਮਾਨਯੋਗ ਸਪੀਕਰ ਦੇ ਬਾਰ ਬਾਰ ਅਪੀਲ ਕਰਨ ਦੇ ਬਾਵਜੂਦ, ਉਨ੍ਹਾਂ ਵਲੋਂ ਲਗਾਤਾਰ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਕਾਰਨ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਨੇਮ ਕੀਤਾ ਗਿਆ ਜਿਸ ਕਾਰਨ ਉਹ ਅੱਜ ਦੀ ਬੈਠਕ ਦੇ ਬਾਕੀ ਰਹਿੰਦੇ ਸਮੇਂ ਲਈ ਮੁਅੱਤਲ ਹੋ ਗਏ।

7. ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ

ਸਦਨ ਵਿੱਚ ਬਹੁਤ ਸ਼ੋਰ ਸ਼ਰਾਬਾ ਹੋਣ ਕਾਰਨ ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਮੁੜ 5.20 ਵਜੇ ਸ਼ਾਮ ਤੋਂ 5.35 ਵਜੇ ਸ਼ਾਮ ਤੱਕ 15 ਮਿੰਟ ਲਈ ਸਥਗਿਤ ਕੀਤਾ ਗਿਆ।

ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ 4.15 ਵਜੇ ਸ਼ਾਮ ਤੋਂ 4.55 ਵਜੇ ਸ਼ਾਮ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਮੰਗਲਵਾਰ ਮਿਤੀ 25 ਫਰਵਰੀ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ:
24 ਫਰਵਰੀ, 2020

Editor of Debates,
Punjab Vidhan Sabha,
Chandigarh.

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।